**ਪੰਜਾਬ ਸ਼ਹਿਰੀ ਯੋਜਨਾਬੰਦੀ ਅਤੇ ਵਿਕਾਸ ਅਥਾਰਿਟੀ ਦੀ ਕਾਰਜਕਾਰੀ ਕਮੇਟੀ ਦੀ ਮਿਤੀ 27.01.2011 ਨੂੰ ਹੋਈ ਤੀਜੀ ਮੀਟਿੰਗ ਦੀ ਕਾਰਵਾਈ।**

ਮਿਤੀ 27.01.2011 ਨੂੰ ਮੁੱਖ ਸਕੱਤਰ, ਪੰਜਾਬ, ਸ੍ਰੀ ਸੁਬੋਧ ਚੰਦਰ ਅਗਰਵਾਲ, ਆਈ.ਏ.ਐਸ., ਪੰਜਾਬ ਜੀ ਦੀ ਪ੍ਰਧਾਨਗੀ ਹੇਠ ਪੰਜਾਬ ਸ਼ਹਿਰੀ ਯੋਜਨਾਬੰਦੀ ਅਤੇ ਵਿਕਾਸ ਅਥਾਰਿਟੀ ਦੀ ਤੀਜੀ ਮੀਟਿੰਗ ਹੋਈ ।

ਇਸ ਮੀਟਿੰਗ ਵਿਚ ਹੇਠ ਲਿਖੇ ਅਨੁਸਾਰ ਮੈਂਬਰ ਵੀ ਸਾਮਿਲ ਸਨਃ-

| ਲੜੀ ਨੰਃ | ਅਧਿਕਾਰੀ ਦਾ ਨਾਮ ਅਤੇ ਅਹੁਦਾ | ਅਹੁਦਾ |
|---|---|---|
| 1. | ਸ੍ਰੀ ਦਲੀਪ ਕੁਮਾਰ, ਆਈ.ਏ.ਐਸ.<br>ਸਕੱਤਰ (ਵਿੱਤ ਵਿਭਾਗ)<br>ਨੁਮਾਇੰਦਾ ਪ੍ਰਮੁੱਖ ਸਕੱਤਰ, ਵਿੱਤ ਵਿਭਾਗ, ਪੰਜਾਬ ਸਰਕਾਰ, ਚੰਡੀਗੜ੍ਹ | ਮੈਂਬਰ |
| 2. | ਡਾ. ਐਸ.ਐਸ. ਸੰਧੂ, ਆਈ.ਏ.ਐਸ.<br>ਸਕੱਤਰ, ਮਕਾਨ ਉਸਾਰੀ ਤੇ ਸ਼ਹਿਰੀ ਵਿਕਾਸ ਵਿਭਾਗ,<br>ਪੰਜਾਬ, ਚੰਡੀਗੜ੍ਹ। | ਮੈਂਬਰ |
| 3. | ਸ੍ਰੀ ਐਸ.ਐਸ.ਰਾਜਪੂਤ, ਆਈ.ਏ.ਐਸ.<br>ਸਕੱਤਰ ਸਥਾਨਕ ਸਰਕਾਰ,<br>ਪੰਜਾਬ, ਚੰਡੀਗੜ੍ਹ। | ਮੈਂਬਰ |
| 4. | ਸ੍ਰੀ ਸਰਵਜੀਤ ਸਿੰਘ, ਆਈ.ਏ.ਐਸ.<br>ਮੁੱਖ ਪ੍ਰਸਾਸਕ,<br>ਪੰਜਾਬ ਸਹਿਰੀ ਯੋਜਨਾਬੰਦੀ ਅਤੇ ਵਿਕਾਸ ਅਥਾਰਿਟੀ (ਪੁੱਡਾ),<br>ਸਾਹਿਬਜਾਦਾ ਅਜੀਤ ਸਿੰਘ ਨਗਰ। | ਮੈਂਬਰ ਸਕੱਤਰ |
| 5. | ਸ੍ਰੀ ਕੁਲਦੀਪ ਸਿੰਘ ਧਾਲੀਵਾਲ,<br>ਮੁੱਖ ਨਗਰ ਯੌਜਨਾਕਾਰ,<br>ਪੰਜਾਬ, ਚੰਡੀਗੜ੍ਹ। | ਮੈਂਬਰ |

**ਮੀਟਿੰਗ ਵਿਚ ਹੇਠ ਦਰਸਾਏ ਗਏ ਲੜੀਵਾਰ ਅਜੰਡਾ ਆਈਟਮ ਵਿਚਾਰੇ ਗਏਃ-**

**ਅਜੰਡਾ ਆਈਟਮ ਨੰਃ** 3.01

ਵਿਸਾਃ ਪੰਜਾਬ ਸ਼ਹਿਰੀ ਯੋਜਨਾਬੰਦੀ ਅਤੇ ਵਿਕਾਸ ਅਥਾਰਿਟੀ ਦੀ ਕਾਰਜਕਾਰੀ ਕਮੇਟੀ ਦੀ ਹੋਈ ਦੂਸਰੀ ਮੀਟਿੰਗ ਦੀ ਕਾਰਵਾਈ ਦੀ ਪੁਸਟੀ ਕਰਨ ਬਾਰੇ।

ਕਮੇਟੀ ਵਲੋਂ ਕਾਰਵਾਈ ਦੀ ਪੁਸ਼ਟੀ ਕੀਤੀ ਗਈ।

**ਅਜੰਡਾ ਆਈਟਮ ਨੰਃ** 3.02

ਵਿਸ਼ਾਃ ਪੰਜਾਬ ਸ਼ਹਿਰੀ ਯੋਜਨਾਬੰਦੀ ਅਤੇ ਵਿਕਾਸ ਅਥਾਰਿਟੀ (ਪੁੱਡਾ) ਦੀ ਕਾਰਜਕਾਰੀ ਕਮੇਟੀ ਦੀ ਮਿਤੀ 10-9-2010 ਨੂੰ ਹੋਈ ਪਹਿਲੀ ਮੀਟਿੰਗ ਅਤੇ ਮਿਤੀ 12-10-2010 ਨੂੰ ਹੋਈ ਦੂਸਰੀ ਮੀਟਿੰਗ ਵਿਚ ਲਏ ਗਏ ਫੈਸਲਿਆਂ ਸਬੰਧੀ ਮੱਦਵਾਰ ਵਿਵਰਣ।

ਕਮੇਟੀ ਵਲੋਂ ਨੋਟ ਕੀਤਾ ਗਿਆ ਅਤੇ ਤਸੱਲੀ ਪ੍ਰਗਟਾਈ ਗਈ।

**ਅਜੰਡਾ ਆਈਟਮ ਨੰ: 3.03**

ਵਿਸ਼ਾ: ਅਸੈਸਮੈਂਟ ਸਾਲ 2008-09 ਅਸੈਸਮੈਂਟ ਆਰਡਰ ਸਬੰਧੀ।

ਅਸੈਸਮੈਂਟ ਸਾਲ 2008-09 ਲਈ 77.92 ਕਰੋੜ ਰੁਪਏ ਇੰਨਕਮ ਟੈਕਸ ਜਮ੍ਹਾਂ ਕਰਵਾਉਣ ਬਾਰੇ, ਸ੍ਰੀ ਸਤੀਸ ਬਾਂਸਲ, ਚਾਰਟਰਡ ਅਕਾਉਂਟੈਂਟ ਨੇ ਕਮੇਟੀ ਨੂੰ ਕੇਸ ਦੇ ਸਾਰੇ ਤੱਥਾਂ ਤੋਂ ਜਾਣੂ ਕਰਵਾਉਂਦੇ ਹੋਏ ਸੂਚਿਤ ਕੀਤਾ ਹੈ ਕਿ ਪੁੱਡਾ ਕੋਲ ਅਜੇ ਅਪੀਲ ਪਾਉਣ ਦੇ ਰਾਹ ਖੁੱਲੇ ਹਨ। ਆਮਦਨ ਕਰ ਵਿਭਾਗ ਤੋਂ ਪ੍ਰਾਪਤ ਡਿਮਾਂਡ ਨੋਟ ਸਬੰਧੀ ਸਟੇਅ ਪ੍ਰਾਪਤ ਕਰਨ ਲਈ ਪਹਿਲਾਂ ਹੀ ਕਮਿਸਨਰ, ਇਨਕਮ ਟੈਕਸ ਕੋਲ ਅਪੀਲ ਪਾ ਦਿੱਤੀ ਹੈ। ਕਮੇਟੀ ਨੇ ਕੇਸ ਦੇ ਸਾਰੇ ਪਹਿਲੂਆਂ ਤੇ ਵਿਚਾਰ ਕਰਨ ਉਪਰੰਤ ਫੈਸਲਾ ਕੀਤਾ ਕਿ ਇਸ ਸਟੇਜ ਤੇ ਇਨਕਮ ਟੈਕਸ ਜਮ੍ਹਾਂ ਨਾ ਕਰਵਾਇਆ ਜਾਵੇ ਅਤੇ ਇਨਕਮ ਟੈਕਸ ਵਿਭਾਗ ਵੱਲੋਂ ਜਾਰੀ ਕੀਤੀ ਗਈ ਡਿਮਾਂਡ ਨੂੰ ਸਟੇਅ ਕਰਵਾਉਣ ਲਈ ਹਰ ਸੰਭਵ ਯਤਨ ਕੀਤੇ ਜਾਣ।

ਮੀਟਿੰਗ ਧੰਨਵਾਦ ਸਹਿਤ ਸਮਾਪਤ ਹੋਈ।

ਐਸ.ਸੀ. ਅਗਰਵਾਲ,ਆਈ.ਏ.ਐਸ.
ਮੁੱਖ ਸਕੱਤਰ, ਪੰਜਾਬ ਸਰਕਾਰ,
ਚੰਡੀਗੜ੍ਹ।